ELECTIONS BC
A non-partisan Office of the Legislature

# *ਇਲੈਕਸ਼ਨ ਐਕਟ* ਦੇ ਮੰਤਵਾਂ ਲਈ ਰਿਹਾਇਸ਼ ਦਾ ਫੈਸਲਾ ਕਰਨ ਲਈ ਨਿਯਮ

ਬ੍ਰਿਟਿਸ਼ ਕੋਲੰਬੀਆ ਵਿਚ ਸੂਬਾਈ ਵੋਟਰ ਵਜੋਂ ਰਜਿਸਟਰ ਹੋਣ ਲਈ, ਤੁਹਾਡੇ ਲਈ ਪਿਛਲੇ ਛੇ ਮਹੀਨਿਆਂ ਲਈ ਬੀ.ਸੀ. ਦੇ ਵਸਨੀਕ ਹੋਣਾ ਜ਼ਰੂਰੀ ਹੈ। ਵੋਟਿੰਗ ਲਈ ਕਿਹੜੇ ਐਡਰੈਸ ਦੀ ਵਰਤੋਂ ਕਰਨੀ ਹੈ, ਇਸ ਦਾ ਫੈਸਲਾ ਕਰਨ ਲਈ *ਇਲੈਕਸ਼ਨ ਐਕਟ* ਨਿਯਮ ਤਹਿ ਕਰਦਾ ਹੈ।

## ਰਿਹਾਇਸ਼ ਕੀ ਹੈ?

ਤੁਹਾਡੀ ਰਿਹਾਇਸ਼ (ਰੈਜ਼ੀਡੈਂਸ) ਤੁਹਾਡਾ ਘਰ ਹੈ। ਇਹ ਉਹ ਥਾਂ ਹੈ ਜਿੱਥੇ ਤੁਸੀਂ ਰਹਿੰਦੇ ਹੋ ਅਤੇ ਜਿੱਥੇ ਤੁਸੀਂ ਬਾਹਰ ਜਾਣ ਤੋਂ ਬਾਅਦ ਵਾਪਸ ਆਉਗੇ। *ਇਲੈਕਸ਼ਨ ਐਕਟ* ਹੇਠ, ਤੁਹਾਡੀ ਇਕ ਵੇਲੇ ਸਿਰਫ ਇਕ ਹੀ ਰਿਹਾਇਸ਼ ਹੋ ਸਕਦੀ ਹੈ, ਅਤੇ ਤੁਹਾਡਾ ਐਡਰੈਸ ਤੁਹਾਡੀ ਨਵੀਂ ਰਿਹਾਇਸ਼ ਤੱਕ ਨਹੀਂ ਬਦਲਦਾ।

ਤੁਹਾਡੇ ਰਿਹਾਇਸ਼ੀ ਐਡਰੈਸ ਨੂੰ ਤੁਹਾਡੇ ਘਰ ਦੇ ਐਡਰੈਸ, ਸਟਰੀਟ ਦੇ ਐਡਰੈਸ ਜਾਂ ਸਿਵਿਕ ਐਡਰੈਸ ਵਜੋਂ ਵੀ ਜਾਣਿਆ ਜਾਂਦਾ ਹੈ। ਤੁਸੀਂ ਆਪਣੇ ਕੰਮ ਜਾਂ ਪੋਸਟਲ ਐਡਰੈਸ ਦੀ ਵਰਤੋਂ ਆਪਣੇ ਰਿਹਾਇਸ਼ੀ ਐਡਰੈਸ ਵਜੋਂ ਨਹੀਂ ਕਰ ਸਕਦੇ।

ਜੇ ਤੁਹਾਨੂੰ ਡਾਕ ਆਪਣੀ ਰਿਹਾਇਸ਼ ਤੋਂ ਕਿਸੇ ਵੱਖਰੇ ਐਡਰੈਸ ’ਤੇ ਮਿਲਦੀ ਹੈ ਤਾਂ ਤੁਹਾਡੇ ਲਈ ਇਹ ਡਾਕ ਲਈ ਐਡਰੈਸ (ਮੇਲਿੰਗ ਐਡਰੈਸ) ਵੱਖਰੇ ਤੌਰ ’ਤੇ ਦੇਣਾ ਜ਼ਰੂਰੀ ਹੈ।

## ਆਰਜ਼ੀ ਗੈਰਹਾਜ਼ਰੀ

ਤੁਹਾਨੂੰ ਅਜੇ ਵੀ ਵਸਨੀਕ ਸਮਝਿਆ ਜਾਂਦਾ ਹੈ ਜੇ ਤੁਸੀਂ ਸਫ਼ਰ, ਸਕੂਲ, ਕੰਮ ਜਾਂ ਮਿਲਟਰੀ ਸਰਵਿਸ ਲਈ ਆਰਜ਼ੀ ਤੌਰ ’ਤੇ ਜਾਂਦੇ ਹੋ, ਜਾਂ ਜੇ ਤੁਸੀਂ ਬੀ.ਸੀ. ਤੋਂ ਬਾਹਰ ਨੌਕਰੀ ’ਤੇ ਲੱਗੇ ਪਤੀ/ਪਤਨੀ, ਬੱਚੇ ਜਾਂ ਮਾਪੇ ਨਾਲ ਜਾਂਦੇ ਹੋ।

## ਵਿਦਿਆਰਥੀ

ਤੁਹਾਡੀ ਰਿਹਾਇਸ਼ ਸਕੂਲ ਵਿਚ ਹੋਣ ਵੇਲੇ ਤੁਹਾਡੇ ਰਹਿਣ ਵਾਲੀ ਥਾਂ ਜਾਂ ਤੁਹਾਡੇ ਪੱਕੇ ਐਡਰੈਸ (ਜਿਵੇਂ ਕਿ ਤੁਹਾਡੇ ਮਾਪੇ ਦਾ ਐਡਰੈਸ) ਵਾਲੀ ਹੋ ਸਕਦੀ ਹੈ।

## ਜੇਲ੍ਹਾਂ ਵਿਚਲੇ ਵਾਸੀ

ਤੁਸੀਂ ਆਪਣੀ ਰਿਹਾਇਸ਼ ਵਜੋਂ ਕਿਸੇ ਕੋਰੈਕਸ਼ਨਲ ਇੰਸਟੀਚਿਊਸ਼ਨ (ਜੇਲ੍ਹ) ਦਾ ਐਡਰੈਸ ਨਹੀਂ ਵਰਤ ਸਕਦੇ। ਤੁਸੀਂ ਆਪਣਾ ਪਿਛਲਾ ਐਡਰੈਸ ਜਾਂ ਪਤਨੀ/ਪਤੀ, ਮਾਪੇ ਜਾਂ ਨਿਰਭਰ ਦਾ ਐਡਰੈਸ ਵਰਤ ਸਕਦੇ ਹੋ। ਤੁਸੀਂ ਉਸ ਥਾਂ ਦਾ ਐਡਰੈਸ ਵਰਤ ਸਕਦੇ ਹੋ ਜਿੱਥੇ ਤੁਸੀਂ ਗ੍ਰਿਫਤਾਰ ਕੀਤੇ ਗਏ ਸੀ ਜਾਂ ਉਸ ਅਦਾਲਤ ਦਾ ਐਡਰੈਸ ਵਰਤ ਸਕਦੇ ਹੋ ਜਿੱਥੇ ਤੁਸੀਂ ਦੋਸ਼ੀ ਪਾਏ ਗਏ ਸੀ ਅਤੇ ਤੁਹਾਨੂੰ ਸਜ਼ਾ ਦਿੱਤੀ ਗਈ ਸੀ।

## ਕੋਈ ਪੱਕਾ ਘਰ ਨਹੀਂ

ਜੇ ਤੁਸੀਂ ਬੇਘਰੇ ਹੋ ਤਾਂ ਤੁਸੀਂ ਆਪਣਾ ਸਭ ਤੋਂ ਤਾਜ਼ਾ ਪੱਕਾ ਐਡਰੈਸ, ਉਹ ਐਡਰੈਸ ਜਿੱਥੇ ਤੁਸੀਂ ਆਰਜ਼ੀ ਤੌਰ ’ਤੇ ਰਹਿ ਰਹੇ ਹੋ ਜਾਂ ਕਿਸੇ ਸ਼ੈਲਟਰ, ਹੋਸਟਲ ਜਾਂ ਇਹੋ ਜਿਹੀ ਕਿਸੇ ਹੋਰ ਥਾਂ ਦਾ ਐਡਰੈਸ ਵਰਤ ਸਕਦੇ ਹੋ ਜਿੱਥੇ ਤੁਹਾਨੂੰ ਖਾਣਾ, ਰਿਹਾਇਸ਼ ਜਾਂ ਸਮਾਜਿਕ ਸੇਵਾਵਾਂ ਮਿਲਦੀਆਂ ਹਨ।